391871/2022/AS 09-AFF BRANCH-PSEB

File No.PSEB-AFF0S031(T002)/15/2022-AS 09-AFF BRANCH-PSEB

# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ,
ਪੰਜਾਬ।

ਨੰਬਰ:( 101587) ਪਸਸਬ-ਐਫੀ:2022/ 2654 ਮਿਤੀ: 13-9-22

**ਵਿਸ਼ਾ** **ਸਿੱਖਿਆ ਸਿਸਟਮ ਦੇ ਮਿਸ਼ਨ ਵਿੱਚ ਮਾਨਵਤਾਵਾਦੀ ਕਾਰਜਾਂ ਰਾਹੀਂ ਬੱਚਿਆਂ ਨੂੰ ਜਿੰਮੇਂਵਾਰ ਨਾਗਰਿਕ ਬਣਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ First Aid,Safety, Health Awareness Mission ਵੱਲੋਂ ਪ੍ਰਾਪਤ ਪੱਤਰ (ਨਾਲ ਨੱਥੀ) ਰਾਹੀਂ ਹੇਠ ਦਰਜ਼ ਨੁਕਤਿਆਂ ਵੱਲ ਧਿਆਨ ਦਿਵਾਇਆ ਗਿਆ ਹੈ। ਸਮੂਹ ਸਕੂਲ ਧਿਆਨ ਦੇਣ ਦੀ ਖੇਚਲ ਕਰਨ:-

1. ਬੱਚਿਆਂ/ਨੋਜਵਾਨਾਂ ਦੀ ਸਿਹਤ ਸਿੱਖਿਆ ਸੁਰੱਖਿਆ ਪੱਖੋਂ ਬਿਮਾਰੀਆਂ ਦੇ ਇਲਾਜ ਕਰਨ ਦੀ ਥਾਂ ਬਿਮਾਰੀਆਂ ਨੂੰ ਰੋਕਣ ਲਈ ਯਤਨ ਕੀਤੇ ਜਾਣੇ ਜਰੂਰੀ ਹਨ।
2. ਸਿੱਖਿਆ ਸਿਸਟਮ ਵਿੱਚ ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਇਮਾਰਤਾਂ ਨੂੰ ਸੁਧਾਰਨ ਦੀ ਥਾਂ ਵਿਦਿਆਰਥੀਆਂ, ਅਧਿਆਪਕਾਂ, ਸਿੱਖਿਆ ਅਧਿਕਾਰੀਆਂ ਦੇ ਸਰੀਰਕ, ਮਾਨਸਿਕ , ਸਮਾਜਿਕ ਵਿਕਾਸ ਵੱਲ ਅਤੇ ਅਧਿਆਪਕਾਂ ਦੇ ਕੰਮਾਂ, ਫਰਜਾਂ ,ਜਿੰਮੇਵਾਰੀਆਂ ਪ੍ਰਤੀ ਪ੍ਰੇਮ ਹਮਦਰਦੀ ਅਨੁਸ਼ਾਸ਼ਨ ਸਹਿਣਸ਼ੀਲਤਾ ਲਗਣ ਦੀ ਕਮੀ ਨੂੰ ਸੁਧਾਰਨ ਪ੍ਰਤੀ ਸੁਚੇਤ ਹੋਇਆ ਜਾਵੇ।
3. ਬੱਚਿਆਂ ਨੂੰ ਚੰਗੇ ਮਾਨਵਤਾਵਾਦੀ ਕਾਰਜਾਂ ਸੰਸਕਾਰਾਂ ਦੇ ਨਾਲ ਨਾਲ ਚੰਗੀ ਸਿਹਤ ਤਣਾਓ, ਬਿਮਾਰੀਆਂ ਅਤੇ ਨਸ਼ਿਆਂ ਰਹਿਤ ਜੀਵਨ, ਅਨੁਸ਼ਾਸ਼ਨ ਸਹਿਣਸ਼ੀਲਤਾ, ਨਿਮਰਤਾ , ਸਬਰ, ਸ਼ਾਂਤੀ, ਨਾਲ ਜੀਉਣ ਦੀ ਜੀਵਨ ਜਾਂਚ ਅਤੇ ਦੂਸਰਿਆਂ ਦੀ ਸੰਕਟ ਆਫਤਾਵਾਂ, ਹਾਦਸਿਆਂ , ਘਰੇਲੂ ਘਟਨਾਵਾਂ , ਬਿਮਾਰੀਆਂ ਸਮੇਂ ਪੀੜਤਾਂ ਦੀ ਮਦਦ ਕਰਨ ਹਿਤ ਤਿਆਰ ਕੀਤੇ ਜਾਣ ਤੇ ਜ਼ੋਰ ਦਿੱਤਾ ਜਾਵੇ।
4. ਸਕੂਲ ਵਿਖੇ N.C.C, ਸਕਾਊਟ ਗਾਈਡਜ, ਜੂਨੀਅਰ ਰੈੱਡ ਕਰਾਸ ਫਸਟ ਏਡ ਹੋਮ ਨਰਸਿੰਗ ਫਾਇਰ ਸੇਫਟੀ ਆਫਤ ਪ੍ਰਬੰਧਨ, ਸਿਵਲ ਡਿਫੈਂਸ ਸਬੰਧੀ ਟ੍ਰੇਨਿੰਗ ਦੇ ਕੇ ਵਰਤਮਾਨ ਅਤੇ ਭਵਿੱਖ ਲਈ ਮਦਦਗਾਰ ਦੋਸਤ ਅਤੇ ਘਰ ਪਰਿਵਾਰ ਰਾਸ਼ਟਰ ਦੇ ਵਫਾਦਾਰ ਜਿੰਮੇਂਵਾਰ ਨਾਗਰਿਕ ਬਣਾਉਣ ਲਈ ਮਿਸ਼ਨ ਚਲਾਏ ਜਾਣਾ ਲਾਭਕਾਰੀ ਸਿੱਧ ਹੋ ਸਕਦਾ ਹੈ।

13/9/2022

ਸੁਪਰਡੰਟ (ਐਫੀਲੀਏਸ਼ਨ)
ਪੰਜਾਬ ਸਕੂਲ ਸਿੱਖਿਆ ਬੋਰਡ।